


ਯਾਕੋਵ ਦਲੂਗੋਲੈਨਸਕੀ

# ਕਲਾਕ ਅਤੇ ਘੜੀਆਂ



ਯਾਕੋਵ ਦਲੂਗੋਲੈਨਸਕੀ



# ਕਲਾਕ ਅਤੇ ਘੜੀਆਂ



ਰਾਦੂਗਾ ਪ੍ਰਕਾਸ਼ਨ
ਮਾਸਕੋ



## ਪਹਿਲਾ ਕਾਂਡ

## ਬੁਝਾਰਤਾਂ

ਬੁਝਾਰਤਾਂ ਸਭ ਨੂੰ ਪਸੰਦ ਹਨ। ਮੈਨੂੰ ਪਕ ਹੈ ਤੁਹਾਨੂੰ ਵੀ ਪਸੰਦ ਹੋਣਗੀਆਂ।

ਸੋ ਆਓ ਅਸੀਂ ਦੋ ਬੁਝਾਰਤਾਂ ਨਾਲ ਮੁਢ ਬੰਨ੍ਹੀਏ।

ਪਹਿਲੀ ਪੁਰਾਣੀ ਹੈ ਅਤੇ ਦੂਜੀ ਮੈਂ ਆਪ ਘੜੀ ਹੈ।

ਕੌਣ ਸਦਾ ਚਲਦਾ ਹੈ ਪਰ ਅਪੜਦਾ ਨਹੀਂ?

ਕੌਣ ਖ਼ਾਲੀ ਕਮਰੇ ਵਿਚ ਬੋਲਦਾ ਹੈ: "ਟਿਕ-ਟਾਕ" ਅਤੇ "ਟਿਕ-ਟਾਕ"?

ਕੀ ਤੁਸੀਂ ਬੁਝ ਲਿਐ ਉਹ ਕੌਣ ਹੈ?

ਜੇ ਨਹੀਂ ਤਾਂ ਵਰਕਾ ਉਲਟਾਓ ਅਤੇ ਅਗਲੇ ਪੰਨੇ ਉਤੇ ਮੂਰਤ ਤੁਹਾਨੂੰ ਉਤਰ ਦੇ ਦੇਵੇਗੀ।

ਹਾਂ, ਬਿਲਕੁਲ ਠੀਕ, ਇਹ ਕਲਾਕ ਹੈ।

ਆਓ ਹੁਣ ਅਸੀਂ ਐਨ ਇਹਦੇ ਜਿਹਾ ਇਕ ਕਲਾਕ ਬਣਾਈਏ। ਆਪਣੀ ਮਾਂ ਜਾਂ ਪਿਤਾ ਜਾਂ ਦਾਦੀ ਜਾਂ ਦਾਦੇ ਨੂੰ ਕਹੋ ਤੁਹਾਡਾ ਹਥ ਵਟਾਏ।

ਕੀ ਤੁਸਾਂ ਬਣਾ ਲਿਆ ਹੈ?

ਆਓ ਹੁਣ ਇਸ ਸੁਹਣੇ ਕਲਾਕ ਨੂੰ ਇਕ ਪਾਸੇ ਰਖ ਦੇਵੀਏ ਅਤੇ ਸਮੇਂ ਸੰਬੰਧੀ ਅਤੇ ਇਸ ਸੰਬੰਧੀ ਗਲ ਕਰੀਏ ਕਿ ਸਮਾਂ ਕਿਵੇਂ ਦਸੀਦਾ ਹੈ।

## ਦੂਜਾ ਕਾਂਡ

## ਸਮਾਂ ਦਸਣ ਦੇ ਦੋ ਢੰਗ

ਸਮਾਂ ਦਸਣ ਦੇ ਕਈ ਢੰਗ ਹਨ। ਮੈਂ ਉਹਨਾਂ ਵਿਚੋਂ ਦੋ ਸੰਬੰਧੀ ਤੁਹਾਨੂੰ ਦਸਾਂਗਾ।

ਇਕ ਮੁੰਡਾ ਮੇਰਾ ਜਾਣੂ ਸੀ, ਜਦੋਂ ਕਦੀ ਉਸਤੋਂ ਸਮਾਂ ਪੁਛਿਆ ਜਾਂਦਾ, ਉਹ ਨਠਦਾ ਹੋਇਆ ਆਪਣੀ ਦਾਦੀ ਕੋਲ ਜਾਂਦਾ, ਉਹਨੂੰ ਕਲਾਕ ਵਲ ਵੇਖਣ ਲਈ ਕਹਿੰਦਾ। ਉਹ ਕਲਾਕ ਵਲ ਵੇਖਦੀ ਅਤੇ ਉਹਨੂੰ ਦਸ ਦੇਂਦੀ ਕਿੰਨੇ ਵਜੇ ਸਨ — ਦੋ ਵਜੇ, ਤਿੰਨ ਵਜੇ, ਜਾਂ ਜਿੰਨੇ ਵਜੇ ਹੋਣ।

ਇਹ ਪਹਿਲਾ ਢੰਗ ਹੈ।

ਪਰ ਇਕ ਹੋਰ ਮੁੰਡਾ ਵੀ ਮੇਰਾ ਜਾਣੂ ਸੀ, ਉਹ ਕਲਾਕ ਕੋਲ ਜਾਂਦਾ, ਥੋੜ੍ਹੀ ਦੇਰ ਉਸ ਵਲ ਵੇਖਦਾ ਅਤੇ ਆਪੇ ਸਮਾਂ ਦਸ ਲੈਂਦਾ — ਅਤੇ ਕਦੀ ਗ਼ਲਤੀ ਵੀ ਨਾ ਕਰਦਾ।

ਆਓ ਅਸੀਂ ਦੂਜੇ ਢੰਗ ਵਿਚ ਪ੍ਰਬੀਣ ਬਣੀਏ।

ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਗਲ ਜ਼ਰੂਰ ਚੇਤੇ ਰਖਣੀ ਕਿ ਸਮਾਂ ਹਿਸਿਆਂ ਵਿਚ ਵੰਡਿਆ ਹੋਇਆ ਹੈ — ਵਡੇ ਅਤੇ ਨਿਕਿਆਂ ਵਿਚ। ਲੋਕ ਇਸ ਸੰਬੰਧੀ ਸਹਿਮਤ ਹੋ ਗਏ ਅਤੇ ਬੜਾ ਚਿਰ ਹੋਇਆ ਉਹਨਾਂ ਇਹ ਨਿਰਣਾ ਕਰ ਲਿਆ ਕਿ ਇਸੇ ਤਰ੍ਹਾਂ ਹੋਵੇਗਾ।

ਅਤੇ ਉਹਨਾਂ ਹਿਸਿਆਂ ਨੂੰ ਨਾਂ ਦਿਤੇ:



ਉਹਨਾਂ ਸਭ ਤੋਂ ਵਡੇ ਹਿਸੇ ਨੂੰ **ਘੰਟਾ** ਕਿਹਾ,
ਇਕ ਛੁਟੇਰੇ ਹਿਸੇ ਨੂੰ **ਮਿੰਟ**,
ਅਤੇ ਸਭ ਤੋਂ ਨਿਕੇ ਨੂੰ **ਸਕਿੰਟ**।

**ਤੀਜਾ ਕਾਂਡ**

## ਸਮਾਂ ਕੀ ਹੈ ?

ਹੁਣ ਤੁਸੀਂ ਆਪਣੇ ਸੁਹਣੇ ਗਤੇ ਦੇ ਕਲਾਕ ਨੂੰ ਲਓ। ਇਹ ਸਚ ਮੁਚ ਬਹੁਤ ਇਕ ਅਸਲ਼ੀ ਕਲਾਕ ਜਿਹਾ ਹੈ।

ਇਹ ਇਕ ਘੇਰਾ ਹੈ, ਮੁਖੜਾ, ਜਿਸ ਉਤੇ ਅੰਕੜੇ ਲਿਖੇ ਹੋਏ ਹਨ, ਇਕ ਤੋਂ ਬਾਰਾਂ ਤਕ।

ਇਹਦੀਆਂ ਦੋ ਸੂਈਆਂ ਹਨ, ਇਕ ਵਡੀ ਅਤੇ ਇਕ ਛੋਟੀ।

ਬਸ ਇਹਦੇ ਵਿਚ ਇਕੋ ਇਕ ਘਾਟ ਪੁਰਜ਼ਿਆਂ ਦੀ ਹੈ, ਜਿਹੜੇ ਸੂਈਆਂ ਨੂੰ ਚਲਾਉਂਦੇ।

ਪਰ ਆਓ ਅਸੀਂ ਪੁਰਜ਼ਿਆਂ ਤੋਂ ਬਿਨਾਂ ਕਲਾਕ ਨੂੰ ਚਲਾਉਣ ਦਾ ਜਤਨ ਕਰੀਏ।

ਆਓ ਪਹਿਲਾਂ ਅਸੀਂ ਦੋਵੇਂ ਸੂਈਆਂ, ਵਡੀ ਅਤੇ ਨਿਕੀ, ੧੨ ਦੇ ਅੰਕੜੇ ਉਤੇ ਲਾ ਦਈਏ। ਕੀ ਤੁਹਾਨੂੰ ਪਤਾ ਹੈ ਇਹਦਾ ਅਰਥ ਕੀ ਹੈ ? ਇਹਦਾ ਅਰਥ ਇਹ ਹੈ ਕਿ ਇਸ ਸਮੇਂ ਬਾਰਾਂ ਵਜੇ ਹਨ।

ਅਤੇ ਹੁਣ ਵਡੀ ਸੂਈ ਨੂੰ ਆਪਣੀ ਥਾਂ ਰਹਿਣ ਦਿਓ ਅਤੇ ਨਿਕੀ ਨੂੰ ਹਿਲਾਓ।

ਇਹਨੂੰ ਇਕ ਦੇ ਅੰਕੜੇ ਤਕ ਲਿਜਾਓ। ਕੀ ਤੁਹਾਨੂੰ ਪਤਾ ਹੈ ਇਹਦਾ ਅਰਥ ਕੀ ਹੈ ?

ਇਹਦਾ ਅਰਥ ਇਹ ਹੈ ਕਿ ਇਸ ਸਮੇਂ ਠੀਕ ਇਕ ਵਜਿਆ ਹੈ।

ਜੇ ਭਲਾ ਅਸੀਂ ਨਿਕੀ ਸੂਈ ਨੂੰ ਦੋ ਦੇ ਅੰਕੜੇ ਤਕ ਲੈ ਜਾਈਏ ? ਕਲਾਕ ਦਸੇਗਾ ਕਿ ਦੋ ਵਜੇ ਹਨ।

ਜੇ ਤੁਸੀਂ ਇਹਨੂੰ ਤਿੰਨ ਦੇ ਅੰਕੜੇ ਤਕ ਲੈ ਜਾਓ, ਤਾਂ ਤਿੰਨ ਵਜੇ ਹੋਣਗੇ।

ਜੇ ਤੁਸੀਂ ਇਹਨੂੰ ਚਾਰ ਦੇ ਅੰਕੜੇ ਤਕ ਲੈ ਜਾਓ ਤਾਂ ਸਮਾਂ ਚਾਰ ਵਜੇ ਦਾ ਹੋਵੇਗਾ।

ਅਤੇ ਜੇ ਤੁਸੀਂ ਇਹਨੂੰ ੧੧ ਦੇ ਅੰਕੜੇ ਤਕ ਲੈ ਜਾਓ ਤਾਂ ? ਸਮਾਂ ੧੧ ਵਜੇ ਦਾ ਹੋਵੇਗਾ।

ਹਰ ਵਾਰ ਜਦੋਂ ਨਿਕੀ ਸੂਈ ਆਪਣਾ ਤਿਖਾ ਬਰਛੇ ਜਿਹਾ ਸਿਰਾ ਕਿਸੇ ਅੰਕੜੇ, ਕਿਸੇ ਵੀ ਅੰਕੜੇ, ਇਕ, ਦੋ, ਪੰਜ, ਸਤ, ਯਾਰ੍ਹਾਂ ਜਾਂ ਬਾਰਾਂ, ਨੂੰ ਚੋਭਦੀ ਹੈ, ਜੇ ਵਡੀ ਸੂਈ ੧੨ ਉਤੇ ਖੜੀ ਰਹੇ, ਤੁਸੀਂ ਆਪਣੀ ਮਾਂ ਦੇ ਇਸ ਪ੍ਰਸ਼ਨ ਦਾ ਠੀਕ ਉਤਰ ਦੇ ਸਕਦੇ ਹੋ: "ਕਿੰਨੇ ਵਜੇ ਨੇ ?"

ਆਓ ਹੁਣ ਕੁਝ ਪੜਤਾਲ ਕਰੀਏ। ਜੇ ਨਿਕੀ ਸੂਈ  ਉਤੇ ਹੋਵੇ ਅਤੇ ਵਡੀ ਸੂਈ ਬਾਰਾਂ ਉਤੇ ਤਾਂ ਕਿੰਨੇ ਵਜੇ ਹੋਣਗੇ ? ਉਤਰ ਹੈ: ਪੰਜ ਵਜੇ ਹਨ।

ਹੁਣ ਵਡੀ ਸੂਈ ਨੂੰ ੬ ਉਤੇ ਕਰ ਦਿਓ ਅਤੇ ਨਿਕੀ ਸੂਈ ਨੂੰ ਫਿਰ ਹਿਲਾਓ।

ਇਹਨੂੰ ੧੨ ਅਤੇ ਇਕ ਦੇ ਵਿਚਕਾਰ ਕਰ ਦਿਓ। ਹੁਣ ਕਿੰਨੇ ਵਜੇ ਹਨ ? ਇਸ ਸਮੇਂ ਸਾਢੇ ਬਾਰਾਂ ਵਜੇ ਹਨ।

ਹੁਣ ਨਿਕੀ ਸੂਈ ਨੂੰ ਇਕ ਅਤੇ ਦੋ ਦੇ ਅੰਕੜਿਆਂ ਦੇ ਅਧ ਵਿਚਕਾਰ ਕਰ ਦਿਓ। ਸਮਾਂ ਡੇਢ ਵਜੇ ਦਾ ਹੋਵੇਗਾ।

ਅਤੇ ਜੇ ਤੁਸੀਂ ਨਿਕੀ ਸੂਈ ਨੂੰ ਦੋ ਅਤੇ ਤਿੰਨ ਦੇ ਅਧ ਵਿਚਕਾਰ ਕਰ ਦਿਓ, ਸਮਾਂ ਢਾਈ ਵਜੇ ਦਾ ਹੋਵੇਗਾ।

ਜੇ ਤੁਸੀਂ ਨਿਕੀ ਸੂਈ ਨੂੰ ਤਿੰਨ ਅਤੇ ਚਾਰ ਦੇ ਵਿਚਕਾਰ ਕਰ ਦਿਓ, ਸਮਾਂ ਸਾਢੇ ਤਿੰਨ ਦਾ ਹੋਵੇਗਾ।

ਅਤੇ ਜੇ ਇਹਨੂੰ ਚਾਰ ਅਤੇ ਪੰਜ ਦੇ ਵਿਚਕਾਰ ਰਖ ਦਿਤਾ ਜਾਏ ? ਸਮਾਂ ਸਾਢੇ ਚਾਰ ਦਾ ਹੋਵੇਗਾ।

ਯਾਦ ਰਖੋ: ਜੇ ਵਡੀ ਸੂਈ ਛੇ ਉਤੇ ਰਹੇ ਅਤੇ ਨਿਕੀ ਸੂਈ ਦੋ ਅੰਕੜਿਆਂ ਦੇ ਵਿਚਕਾਰ ਹੋਵੇ ਤਾਂ ਸਮਾਂ ਸਾਢੇ ਬਾਰਾਂ, ਸਾਢੇ ਪੰਜ ਜਾਂ ਸਾਢੇ ਦਸ ਹੈ—ਇਹ ਇਸ ਗਲ ਉਤੇ ਨਿਰਭਰ ਹੈ ਕਿ ਨਿਕੀ ਸੂਈ ਹੁਣੇ ਜਿਹੇ ਕਿਹੜੇ ਅੰਕੜੇ ਤੋਂ ਅਗੇ ਲੰਘੀ ਹੈ।

ਆਓ ਅਸੀਂ ਇਕ ਪਰਖ ਕਰੀਏ। ਵਡੀ ਸੂਈ ਛੇ ਉਤੇ ਖੜੀ ਹੈ ਅਤੇ ਨਿਕੀ ੧੧ ਅਤੇ ੧੨ ਦੇ ਵਿਚਕਾਰ। ਕਿੰਨੇ ਵਜੇ ਹਨ ?





ਉਤਰ: ਸਾਢੇ ਯਾਰਾਂ।

ਕੀ ਤੁਸੀਂ ਠੀਕ ਉਤਰ ਦਿਤਾ ਹੈ? ਹਾਂ ਤੁਸਾਂ ਦਿਤਾ। ਤਾਂ ਤੁਸਾਂ ਸਮਾਂ ਦਸਣ ਸੰਬੰਧੀ ਬਹੁਤ ਕੁਝ ਸਿਖ ਲਿਆ ਹੈ।

ਅਤੇ ਹੁਣ ਵਰਕਾ ਬਦਲੋ।

ਚੋਥਾ ਕਾਂਡ

## ਇਕ ਮੁਰਗ਼ੇ, ਇਕ ਸਾਮਾਵਾਰ ਅਤੇ ਇਕ ਅਲਾਰਮ ਕਲਾਕ ਸੰਬੰਧੀ

ਤੁਸੀਂ ਕਲਾਕਾਂ ਅਤੇ ਘੜੀਆਂ ਦੀ ਪੂਰੀ ਫ਼ੌਜ ਵੇਖ ਰਹੇ ਹੋ, ਜਿਹੜੀ ਸਮਾਂ ਜਾਣਨ ਵਿਚ ਲੋਕਾਂ ਦੀ ਸਹਾਇਤਾ ਕਰਦੀ ਹੈ।

ਕਲਾਕਾਰ ਨੇ ਉਹ ਸਾਰੇ ਕਲਾਕ ਅਤੇ ਘੜੀਆਂ ਨਹੀਂ ਵਾਹੀਆਂ, ਜਿਨ੍ਹਾਂ ਦੀ ਕਦੀ ਹੋਂਦ ਰਹੀ ਹੈ, ਕਿਉਂਕਿ ਉਹਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਇਹੋ ਜਿਹਾ ਕਲਾਕ ਹਵਾਈਜਹਾਜ਼ ਵਿਚ ਲਾਇਆ ਜਾਂਦਾ ਹੈ।

ਅਤੇ, ਇਹੋ ਜਿਹਾ — ਪੁਲਾੜੀ ਜਹਾਜ਼ਾਂ ਵਿਚ।

ਇਕ ਸਟਾਪ-ਵਾਚ ਹੈ — ਖੇਡਾਂ ਦੇ ਮੁਕਾਬਲਿਆਂ ਵਿਚ ਮੁਨਸਫ਼ ਇਹਨੂੰ ਵਰਤਦੇ ਹਨ।

ਇਹ ਸ਼ਤਰੰਜ ਖੇਡਣ ਦੀ ਘੜੀ ਹੈ।

ਅਤੇ ਇਹ ਇਕ ਅਲਾਰਮ ਕਲਾਕ ਹੈ।

ਅਤੇ ਇਹ ਸਮੁੰਦਰੀ ਜਹਾਜ਼ਾਂ ਵਿਚ ਵਰਤਿਆ ਜਾਂਦਾ ਕਰਾਨੋਮੀਟਰ ਹੈ।

ਮੈਂ ਤੁਹਾਨੂੰ ਇਹਨਾਂ ਵਿਚੋਂ ਕੁਝ ਕਲਾਕਾਂ ਅਤੇ ਘੜੀਆਂ ਸੰਬੰਧੀ ਦਸਾਂਗਾ। ਪਰ ਪਕੀ ਗਲ ਹੈ ਤੁਸੀਂ ਹੈਰਾਨ ਹੋ ਰਹੇ ਹੋ ਕਿ ਕਲਾਕਾਰ ਨੇ ਮੁਰਗ਼ਾ ਅਤੇ ਸਾਮਾਵਰ ਦੀਆਂ ਮੂਰਤਾਂ ਕਿਉਂ ਵਾਹੀਆਂ ਹਨ।

ਉਹਨੇ ਇਹ ਇਸ ਲਈ ਵਾਹੀਆਂ ਹਨ ਕਿ ਮੁਰਗ਼ਾ ਵੀ ਇਕ ਤਰ੍ਹਾਂ ਦਾ ਕਲਾਕ ਹੀ ਹੈ। ਨਿਸ਼ਚੇ ਹੀ ਮਸ਼ੀਨੀ ਨਹੀਂ, ਇਕ ਜਿਉਂਦਾ ਕਲਾਕ। ਪ੍ਰਾਚੀਨ ਸਮਿਆਂ ਵਿਚ ਜਦ ਲੋਕਾਂ





ਕੋਲ ਕਲਾਕ ਨਹੀਂ ਸਨ ਹੁੰਦੇ, ਮੁਰਗੇ ਸਮਾਂ ਜਾਣਨ ਵਿਚ ਉਹਨਾਂ ਦੀ ਸਹਾਇਤਾ ਕਰਦੇ।

ਜਦੋਂ ਮੁਰਗਾ ਸਵੇਰੇ ਬਾਂਗ ਦੇਂਦਾ ਤਾਂ ਇਹਦਾ ਅਰਥ ਹੁੰਦਾ ਦਿਨ ਸ਼ੁਰੂ ਹੋ ਗਿਆ ਹੈ ਅਤੇ ਜਾਗਣ ਦਾ ਸਮਾਂ ਹੋ ਗਿਆ ਹੈ। ਸ਼ਾਮੀਂ, ਜਦੋ ਉਹ ਉਡ ਕੇ ਆਪਣੀ ਛਤਰੀ ਉਤੇ ਚੜ੍ਹ ਜਾਂਦਾ (ਤੁਹਾਨੂੰ ਪਤਾ ਹੈ ਮੁਰਗੇ ਮੁਰਗੀਆਂ ਛਤਰੀਆਂ ਉਤੇ ਸੌਂਦੇ ਹਨ), ਇਹਦਾ ਅਰਥ ਹੁੰਦਾ ਸੌਣ ਦਾ ਸਮਾਂ ਹੋ ਗਿਆ ਹੈ।

ਪਰ ਮੁਰਗੇ ਉਤੇ ਸਦਾ ਇਤਬਾਰ ਨਹੀਂ ਕੀਤਾ ਜਾ ਸਕਦਾ। ਕਈ ਵਾਰ ਇਹ ਆਪਣੀ ਛਤਰੀ ਤੋਂ ਡਿੱਗ ਜਾਂਦਾ ਅਤੇ ਸਮਾਂ ਹੋਣ ਤੋਂ ਪਹਿਲਾਂ, "ਕੁਕੜੂ-ਘੜੂੰ" ਕੂਕਣ ਲਗ ਜਾਂਦਾ। ਫਿਰ ਇਹ ਵੀ ਹੋ ਸਕਦਾ ਕਿ ਲੂੰਮੜ ਮੁਰਗਿਆਂ ਦੇ ਖੁਡੇ ਵਿਚ ਘੁਸ ਆਉਂਦਾ ਅਤੇ ਮੁਰਗੇ ਨੂੰ ਫੜ ਲਿਜਾਂਦਾ, ਅਤੇ ਫਿਰ ਲੋਕਾਂ ਨੂੰ ਜਗਾਉਣ ਲਈ ਕੋਈ ਨਾ ਰਹਿੰਦਾ।

ਸੋ ਇਕ ਵਧੇਰੇ ਭਰੋਸੇਯੋਗ ਕਲਾਕ ਦੀ ਕਾਢ ਕਢੀ ਗਈ, ਇਕ ਅਜਿਹੇ ਦੀ ਜਿਹੜਾ ਛਤਰੀ ਤੋਂ ਨਾ ਡਿਗੇ ਜਾਂ ਲੂੰਮੜ ਦਾ ਖਾਜਾ ਨਾ ਬਣ ਸਕੇ।



ਇਸ ਲਈ ਇਸ ਪੰਨੇ ਉਤੇ ਸਾਮਾਵਰ ਦੀ ਮੂਰਤ ਵਾਹੀ ਗਈ ਹੈ। ਸਾਮਾਵਰ ਵੀ ਇਕ ਕਲਾਕ ਹੈ, ਪਾਣੀ ਦਾ ਕਲਾਕ। ਉਹ ਪਾਣੀ ਦਾ ਇਕ ਭਬਕਾ ਸਾਮਾਵਰ ਵਿਚ ਪਾ ਦੇਂਦੇ ਅਤੇ ਫਿਰ ਉਹਦੀ ਟੂਟੀ ਖੋਹਲ ਦੇਂਦੇ। ਉਹਨਾਂ ਨੂੰ ਪਤਾ ਸੀ ਕਿ ਪਾਣੀ ਦਾ ਭਬਕਾ ਇਕ ਘੰਟੇ ਵਿਚ ਸਾਮਾਵਰ ਵਿਚੋਂ ਬਾਹਰ ਵਗ ਜਾਏਗਾ। ਜੇ ਸਾਰਾ ਪਾਣੀ ਬਾਹਰ ਵਗ ਗਿਆ ਹੈ ਤਾਂ ਇਹਦਾ ਅਰਥ ਹੈ ਇਕ ਘੰਟਾ ਲੰਘ ਗਿਆ ਹੈ। ਸੋ ਉਹ ਇਕ ਹੋਰ ਭਬਕਾ ਪਾ ਦੇਂਦੇ। ਉਹਨਾਂ ਨੂੰ ਸਾਰਾ ਦਿਨ ਪਾਣੀ ਪਾਉਂਦੇ ਰਹਿਣਾ ਪੈਂਦਾ।



ਇਹ ਬਹੁਤ ਪੁਰਾਣਾ ਕਲਾਕ ਹੈ। ਪਰ ਜੇ ਅਠ ਸੌ ਵਰ੍ਹੇ ਪਹਿਲਾਂ ਕਿਸੇ ਨੇ ਇਕ ਅਸਲੀ ਕਲਾਕ, ਮੁਖੜੇ, ਸੂਈਆਂ ਅਤੇ ਪੁਰਜ਼ਿਆਂ ਵਾਲੇ ਦੀ ਕਾਢ ਨਾ ਕਢ ਲਈ ਹੁੰਦੀ ਤਾਂ ਅਸੀਂ ਇਹਨੂੰ ਅਜੇ ਤਕ ਵਰਤ ਰਹੇ ਹੁੰਦੇ।

ਇਹ ਇਹੋ ਜਿਹਾ ਸੀ।

ਦਸ ਬੰਦੇ ਵੀ ਇਹਨੂੰ ਔਖੇ ਹੋਕੇ ਚੁਕਦੇ।

ਸ਼ਹਿਰ ਦੇ ਕੇਂਦਰ ਵਿਚ ਇਹਨੂੰ ਇਕ ਬੁਰਜ ਉਤੇ ਲਾ ਦਿਤਾ ਜਾਂਦਾ। ਇਸੇ ਲਈ ਇਹਨੂੰ ਬੁਰਜ ਦਾ ਕਲਾਕ ਕਿਹਾ ਜਾਂਦਾ। ਇਹ ਸ਼ਹਿਰ ਦਾ ਮੁਖ ਕਲਾਕ ਹੁੰਦਾ।

ਨਿਰਸੰਦੇਹ, ਬੰਦਾ ਅਜਿਹੇ ਕਲਾਕ ਨੂੰ ਘਰ ਵਿਚ ਨਹੀਂ ਲਿਜਾ ਸਕਦਾ। ਸੋ ਲੋਕਾਂ ਦੇ ਘਰਾਂ ਵਿਚ ਵਰਤਣ ਲਈ ਨਿਕੇ ਕਲਾਕ ਦੀ ਕਾਢ ਕਢਣੀ ਜ਼ਰੂਰੀ ਸੀ। ਘਰ ਇਸ ਗਲੋਂ ਸੁਭਾਗੇ ਸਨ ਕਿ ਉਹਨਾਂ ਅੰਦਰ ਵਰਤਣ ਲਈ ਬਹੁਤ ਸਾਰੇ ਕਲਾਕ ਬਣਾਏ ਗਏ।

ਉਹ ਸਨ:





ਅੰਗੀਠੀ ਦਾ ਕਲਾਕ, ਜਿਹੜਾ ਅੰਗੀਠੀ ਦੇ ਉਤੇ ਰਖਿਆ ਜਾਂਦਾ;

ਕੰਧ ਦਾ ਕਲਾਕ, ਜਿਹੜਾ ਕੰਧ ਉਤੇ ਲਟਕਾਇਆ ਜਾਂਦਾ ਸੀ;

ਗ੍ਰੈਂਡਫ਼ਾਦਰ ਕਲਾਕ, ਜਿਹੜਾ ਫ਼ਰਸ਼ ਉਤੇ ਰਖਿਆ ਜਾਂਦਾ;

ਅਤੇ ਅੰਤ, ਟਾਈਮਪੀਸ, ਮੇਜ਼ ਉਤੇ ਰਖਣ ਲਈ।

ਅਤੇ ਫਿਰ ਉਹਨਾਂ ਲਈ ਜਿਹੜੇ ਘਰੇ ਨਹੀਂ ਰਹਿੰਦੇ (ਜਿਹਾ ਕਿ ਫ਼ੌਜੀ ਅਤੇ ਸੈਲਾਨੀ, ਜਿਹੜੇ ਬੜੇ ਬਦੂ ਆਵਾਰਗਾਰਦ ਹੁੰਦੇ ਹਨ) ਕਲਾਕ ਬਣਾਉਣ ਵਾਲਿਆਂ ਨਿਕੇ ਕਲਾਕ ਬਣਾਏ, ਜਿਨ੍ਹਾਂ ਨੂੰ ਘੜੀਆਂ ਕਿਹਾ ਜਾਂਦਾ ਹੈ, ਜਿਹੜੀਆਂ ਜੇਬ ਵਿਚ ਰਖੀਆਂ ਜਾਂਦੀਆਂ — ਜੇਬੀ ਘੜੀਆਂ, ਜਾਂ ਫ਼ੀਤੇ ਨਾਲ ਗੁਟ ਉਤੇ ਬੰਨ੍ਹੀਆਂ ਜਾਂਦੀਆਂ — ਗੁਟ ਘੜੀਆਂ।

ਕਲਾਕ ਬਣਾਉਣ ਵਾਲੇ ਉਹਨਾਂ ਨੂੰ ਵੀ ਨਹੀਂ ਭੁਲੇ, ਜਿਹੜੇ ਸਵੇਰੇ ਦੇਰ ਤਕ ਸੌਂਦੇ ਹਨ। ਉਹਨਾਂ ਨੂੰ ਜਗਾਉਣ ਲਈ ਇਕ ਵਿਸ਼ੇਸ਼ ਕਲਾਕ ਬਣਾਇਆ ਗਿਆ।

ਅਲਾਰਮ ਵਾਲਾ ਕਲਾਕ ਬਹੁਤ ਸ਼ਾਨਦਾਰ ਸ਼ੈ ਹੈ। ਤੁਸੀਂ ਅਲਾਰਮ ਦੀ ਚਾਬੀ ਭਰ ਦਿਓ, ਜਿਸ ਸਮੇਂ ਜਗਾਇਆ ਜਾਣਾ ਚਾਹੁੰਦੇ ਹੋ ਉਹ ਲਾ ਦਿਓ, ਅਤੇ ਨਿਸ਼ਚਿਤ ਹੋਕੇ ਸੌਂ ਜਾਓ। ਐਨ ਮਿਥੇ ਘੰਟੇ ਅਤੇ ਮਿੰਟ ਉਤੇ ਅਲਾਰਮ ਉਚੀ ਉਚੀ ਬੋਲੇਗਾ: ਟਰਰ-ਰ-ਰ-ਰ (ਨਵੀਨ ਕਲਾਕਾਂ ਦੀ ਆਵਾਜ਼ ਵਧੇਰੇ ਸੁਰੀਲੀ ਹੁੰਦੀ ਹੈ) ਅਤੇ ਤੁਹਾਨੂੰ ਜਗਾ ਦੇਵੇਗਾ ਅਤੇ ਬਿਸਤਰੇ ਵਿਚੋਂ ਕਢ ਦੇਵੇਗਾ।

ਜਾਪਦਾ ਹੈ ਪੁਰਾਣੇ ਸਮਿਆਂ ਵਿਚ ਲੋਕ ਵਧੇਰੇ ਗੂੜ੍ਹੀ ਨੀਂਦੇ ਸੌਂਦੇ ਸਨ, ਅਤੇ ਸਾਦਾ ਘੰਟੀ ਉਹਨਾਂ ਨੂੰ ਨਾ ਜਗਾ ਸਕਦੀ। ਅਜਿਹੇ ਕੁੰਭ-ਕਰਨਾਂ ਲਈ ਵਿਸ਼ੇਸ਼ ਤਰ੍ਹਾਂ ਦੇ ਅਲਾਰਮ ਕਲਾਕ ਬਣਾਏ ਗਏ:

ਇਕ ਤੋਪ ਕਲਾਕ, ਜਿਹੜਾ ਮਿਥੇ ਸਮੇਂ ਉਤੇ ਧਮਾਕਾ ਕਰਦਾ, ਕਿਉਂਕਿ ਉਹ ਕਲਾਕ ਨਾਲ ਜੁੜਿਆ ਹੁੰਦਾ, ਜਿਹੜਾ ਬਾਰੂਦ ਨੂੰ ਅਗ ਲਾ ਦੇਂਦਾ;

ਝੂਲਣਾ ਅਲਾਰਮ ਕਲਾਕ, ਇਹ ਕਲਾਕ ਇਕ ਪੇਚਦਾਰ ਮਸ਼ੀਨ ਨਾਲ ਜੁੜਿਆ ਹੁੰਦਾ, ਜਿਹੜਾ ਮਿਥੇ ਸਮੇਂ, ਪਲੰਗ ਨੂੰ ਹਿਲਾਉਣ ਅਤੇ ਪਟਕਾਉਣ ਲਗ ਪੈਂਦਾ, ਤਾਂ ਜੁ ਸੌਣ ਵਾਲੇ ਨੂੰ, ਚਾਹੇ ਭਾਵੇਂ ਨਾ ਚਾਹੇ, ਬਿਸਤਰੇ ਵਿਚੋਂ ਨਿਕਲਣਾ ਹੀ ਪੈਂਦਾ।







ਅਜਿਹੇ ਕਲਾਕ ਮਰਦਾਂ ਲਈ ਸਨ।

ਇਸਤ੍ਰੀਆਂ, ਵਧੇਰੇ ਕੋਮਲ ਜੀਵਾਂ ਲਈ, ਅਲਾਰਮ ਕਲਾਕ ਵਧੇਰੇ ਨਰਮ ਹੁੰਦੇ ਸਨ।

ਮਿਸਾਲ ਲਈ ਅਜਿਹੇ ਕਲਾਕ ਹੁੰਦੇ ਸਨ ਜਿਹੜੇ ਸੁਤੀ ਇਸਤ੍ਰੀ ਉਤੇ ਅਤਰ ਜਾਂ ਲੈਮਨ ਛਿੜਕੇ।

ਕੁਝ ਇਸਤ੍ਰੀਆਂ ਨੂੰ ਖੁਸ਼ਬੋ ਰਾਹੀਂ ਜਗਾਇਆ ਜਾਣਾ ਪਸੰਦ ਸੀ।

ਹੋਰਨਾਂ ਨੂੰ ਲੈਮਨ ਚੰਗਾ ਲਗਦਾ।

ਇਸਤ੍ਰੀਆਂ ਦੇ ਅਜਿਹੇ ਕਲਾਕ ਤੋਂ ਬਿਨਾਂ ਕਲਾਕਾਰ ਨੇ ਇਕ ਸਮੁੰਦਰੀ ਕਰਾਨੋਮੀਟਰ ਵਾਹਿਆ ਹੈ। ਇਕ ਵੀ ਜਹਾਜ਼ ਅਜਿਹੇ ਕਰਾਨੋਮੀਟਰ ਬਿਨਾਂ ਸਮੁੰਦਰ ਲਈ ਨਾ ਚਲਦਾ। ਆਮ ਤਰ੍ਹਾਂ ਦਾ ਕਲਾਕ ਉਹਨਾਂ ਵਿਚ ਕੰਮ ਨਹੀਂ ਆਉਂਦਾ: ਉਹ ਜਹਾਜ਼ ਦੇ ਨਿਰੰਤਰ ਡੋਲਣ ਨੂੰ ਨਹੀਂ ਸਹਾਰ ਸਕਦਾ ਅਤੇ ਗ਼ਲਤ ਸਮਾਂ ਦਸਣ ਲਗ ਪੈਂਦਾ ਹੈ।

ਪੁਰਾਣੇ ਸਮਿਆਂ ਵਿਚ, ਕਰਾਨੋਮੀਟਰ ਦੀ ਕਾਢ ਤੋਂ ਪਹਿਲਾਂ, ਸਮੁੰਦਰੀ ਜਹਾਜ਼ਾਂ ਦੇ ਕਪਤਾਨ ਅਕਸਰ ਰਾਹ ਭੁਲ ਜਾਂਦੇ, ਉਹਨਾਂ ਦੇ ਜਹਾਜ਼ ਧਰਤੀ ਉਤੇ ਚੜ੍ਹ ਜਾਂਦੇ ਜਾਂ ਉਹ ਆਪਣੇ ਟਿਕਾਣੇ ਉਤੇ ਪਛੜ ਕੇ ਅਪੜਦੇ।

ਨਿਰਸੰਦੇਹ, ਉਹ ਇਕ ਭਰੋਸੇ-ਯੋਗ ਕਲਾਕ ਦੇ ਸੁਪਨੇ ਲੈਂਦੇ।

ਸਪੇਨ ਦੇ ਬਾਦਸ਼ਾਹ ਨੇ, ਜਿਹੜਾ ਆਪਣੇ ਆਪ ਨੂੰ ਸਮੁੰਦਰਾਂ ਉਤੇ ਜਾਣ ਵਾਲਿਆਂ ਦਾ ਸਰਪ੍ਰਸਤ ਸਮਝਦਾ ਸੀ, ਐਲਾਨ ਕੀਤਾ ਕਿ ਜਿਹੜਾ ਬੰਦਾ ਅਜਿਹੇ ਕਲਾਕ ਦੀ ਕਾਢ ਕਢੇਗਾ ਜਿਹੜਾ ਜਹਾਜ਼ ਉਤੇ ਠੀਕ ਠੀਕ ਸਮਾਂ ਦਸ ਸਕੇ, ਉਹ ਉਹਨੂੰ ਬਹੁਤ ਵਡਾ ਇਨਾਮ ਦੇਵੇਗਾ। ਅੰਗ੍ਰੇਜ਼ ਪਾਰਲੀਮੈਂਟ ਨੇ ਵੀ ਅਜਿਹਾ ਹੀ ਐਲਾਨ ਕੀਤਾ।

ਅਖ਼ੀਰ ਜਾਨ ਹੈਰਿਸਨ ਨਾਂ ਦੇ ਇਕ ਬੰਦੇ ਨੇ ਕਰਾਨੋਮੀਟਰ ਦੀ ਕਾਢ ਕਢ ਲਈ। ਉਹ ਅੰਗ੍ਰੇਜ਼ ਸਮੁੰਦਰੀ ਬੇੜੇ ਦੇ ਦਫ਼ਤਰ ਆਇਆ ਅਤੇ ਕਰਾਨੋਮੀਟਰ ਮੇਜ਼ ਉਤੇ ਰਖ ਦਿਤਾ।

"ਇਹ ਕੀ ਏ?" ਅੰਗ੍ਰੇਜ਼ ਐਡਮਿਰਲਾਂ ਨੇ ਪੁਛਿਆ।

"ਕਰਾਨੋਮੀਟਰ, ਸਾਰੇ ਸਮੁੰਦਰੀ ਕਪਤਾਨਾਂ ਦਾ ਸੁਪਨਾ।"

ਕਰਾਨੋਮੀਟਰ ਦੀ ਇਕ ਦਮ ਪਰਖ ਕੀਤੀ ਗਈ। ਇਹਦੇ ਨਾਲ ਲੈਸ ਇਕ ਜਹਾਜ਼ ਸਮੁੰਦਰ ਉਤੇ ਚਲ ਪਿਆ, ਅਤੇ ਉਹ ਆਪਣੇ ਰਸਤੇ ਤੋਂ ਨਾ ਭਟਕਿਆ ਅਤੇ ਆਪਣੇ ਟਿਕਾਣੇ ਉਤੇ ਐਨ ਸਮੇਂ ਸਿਰ ਅਪੜ ਗਿਆ।



ਕਰਾਨੋਮੀਟਰ ਤੋਂ ਬਿਨਾਂ ਮੂਰਤ ਵਿਚ ਸ਼ਤਰੰਜ ਖੇਡਣ ਦੀ ਘੜੀ ਵੀ ਹੈ। ਛੇਤੀ ਹੀ ਇਹਦੀ ਸੌਵੀਂ ਵਰ੍ਹੇ-ਗੰਢ ਮਨਾਈ ਜਾਵੇਗੀ।

ਇਹਦੀ ਕਾਢ ਤੋਂ ਪਹਿਲਾਂ ਸ਼ਤਰੰਜ ਦਾ ਇਕ ਖਿਡਾਰੀ ਆਪਣੀ ਚਾਲ ਦਾ ਨਿਰਣਾ ਕਰਨ ਉਤੇ ਦਸ ਮਿੰਟ ਲਾਉਂਦਾ ਅਤੇ ਦੂਜਾ ਜਵਾਬੀ ਚਾਲ ਸੋਚਣ ਉਤੇ ਸਾਰਾ ਦਿਨ ਲਾ ਦੇਂਦਾ। ਇਹ ਹਾਲ ਤਾਂ ਬੰਦੇ ਨੂੰ ਪਾਗਲ ਬਣਾ ਦੇਣ ਲਈ ਕਾਫ਼ੀ ਸੀ।

"ਗਰੈਂਡਮਾਸਟਰ, ਸਮਾਂ ਨਾ ਗੁਆ।"

ਅਤੇ ਉਹ ਉਤਰ ਦੇਂਦਾ:

"ਮੈਂ ਸਮਾਂ ਨਹੀਂ ਗੁਆ ਸਕਦਾ, ਮੈਂ ਤਾਂ ਬਸ ਆਪਣੀ ਚਾਲ ਸੋਚ ਰਿਹਾ ਹਾਂ।"

ਹੁਣ ਹਰ ਖਿਲਾੜੀ ਨੂੰ ਕੁਝ ਮਿਥਿਆ ਸਮਾਂ ਦਿਤਾ ਜਾਂਦਾ ਹੈ। ਜੇ ਉਹ ਉਹਨੂੰ ਮਿਲੇ ਸਮੇਂ ਵਿਚ ਆਪਣੇ ਚਾਲ ਨਹੀਂ ਚਲਦਾ ਤਾਂ ਕਲਾਕ ਉਤੇ ਲਾਲ ਝੰਡਾ ਡਿਗ ਪੈਂਦਾ ਹੈ। ਇਹਦਾ ਅਰਥ ਹੁੰਦਾ ਹੈ: ਤੇਰਾ ਸਮਾਂ ਮੁਕ ਗਿਆ, ਤੂੰ ਬਾਜ਼ੀ ਹਾਰ ਗਿਆ, ਗਰੈਂਡਮਾਸਟਰ!



ਜਿਨ੍ਹਾ ਕਲਾਕਾਂ ਅਤੇ ਘੜੀਆਂ ਸੰਬੰਧੀ ਮੈਂ ਤੁਹਾਨੂੰ ਦਸਿਆ ਹੈ, ਉਹ ਸਾਰੇ ਅਜੇ ਤਕ ਲੋਕਾਂ ਦੀ ਸੇਵਾ ਕਰ ਰਹੇ ਹਨ। ਇਹ ਠੀਕ ਹੈ ਕਿ ਸਮੇਂ ਸਮੇਂ ਉਹਨਾਂ ਦੀ ਮੁਰੰਮਤ ਹੁੰਦੀ ਹੈ, ਪੁਰਾਣੇ, ਘਸ ਗਏ ਪੁਰਜ਼ਿਆਂ ਦੀ ਥਾਂ ਨਵੇਂ ਲਾਏ ਗਏ ਹਨ। ਜਿਹੜੇ ਕਲਾਕ ਹੁਣ ਨਹੀਂ ਵਰਤੇ ਜਾਂਦੇ ਉਹ ਹਨ ਤੋਪ ਕਲਾਕ, ਸਾਮਾਵਰ ਕਲਾਕ ਅਤੇ ਖਸ਼ਬੋ ਵਾਲਾ ਅਲਾਰਮ ਕਲਾਕ।

ਹੁਣ ਜਦੋਂ ਤੁਸੀਂ ਕਲਾਕਾਂ ਅਤੇ ਘੜੀਆਂ ਸੰਬੰਧੀ ਇੰਨੀਆਂ ਗਲਾਂ ਤੋਂ ਜਾਣੂ ਹੋ ਗਏ ਹੋ ਅਤੇ ਤੁਸਾਂ ਸਮਾਂ ਵੇਖਣਾ ਸਿਖ ਲਿਆ ਹੈ, ਮੈਂ ਤੁਹਾਥੋਂ ਕੁਝ ਪੁਛਣਾ ਚਾਹੁੰਦਾ ਹਾਂ...



ਪੰਜਵਾਂ ਕਾਂਡ

## ਅਤੇ ਅੰਦਰ ਕੀ ਹੈ ?

ਕਲਾਕਾਂ ਅਤੇ ਘੜੀਆਂ ਦੇ ਅੰਦਰ ਕੀ ਹੈ ?

ਮੈਨੂੰ ਨਿਸ਼ਚਾ ਹੈ ਕਿ ਤੁਸਾਂ ਇਹ ਪ੍ਰਸ਼ਨ ਆਪਣੇ ਆਪ ਤੋਂ ਕਈ ਵਾਰ ਪੁਛਿਆ ਹੋਵੇਗਾ।

ਸਭਨਾਂ ਸਮਿਆਂ ਅਤੇ ਸਭਨਾਂ ਕੋਮਾਂ ਦੇ ਬਚਿਆਂ ਨੇ ਵੀ ਅਜਿਹਾ ਹੀ ਕੀਤਾ ਹੈ।

ਮੈਂ ਵੀ ਅਜਿਹਾ ਹੀ ਕੀਤਾ ਸੀ।

ਬਿਨਾਂ ਸ਼ਕ ਕਲਾਕ ਦੇ ਅੰਦਰ ਕੀ ਹੈ ? ਕੌਣ ਹੈ ਜਿਹੜਾ ਬਕਸੇ ਦੇ ਵਿਚ ਬਹਿਕੇ ਉਚੀ ਉਚੀ ਕਹੀ ਜਾਂਦਾ ਹੈ: "ਟਿਕ-ਟਾਕ, ਟਿਕ-ਟਾਕ ?"

ਜਦੋਂ ਮੈਂ ਨਿਕਾ ਮੁੰਡਾ ਸਾਂ ਤਾਂ ਮੈਂ ਇਹ ਪ੍ਰਸ਼ਨ ਨੂੰ ਇਕੋ ਵਾਰ ਸਦਾ ਲਈ ਹਲ ਕਰਨ ਦਾ ਨਿਰਣਾ ਕੀਤਾ। ਮੇਰੇ ਦਾਦੇ ਕੋਲ ਪਿਆਜ਼ ਦੀ ਸ਼ਕਲ ਦੀ ਇਕ ਜੇਬੀ ਘੜੀ ਸੀ, ਜਿਹੜੀ ਉਹ ਮੈਨੂੰ ਕਦੀ ਕਦੀ ਆਪਣੇ ਹਥਾਂ ਵਿਚ ਲੈਣ ਦੇਂਦਾ। ਮੇਰੇ ਆਪਣੇ ਘਰ ਵਿਚ ਅਜਿਹੀ ਕੋਈ ਘੜੀ ਨਹੀਂ ਸੀ।

ਸੋ, ਇਕ ਵਾਰ ਜਦੋਂ ਦਾਦਾ ਮੈਨੂੰ ਕਮਰੇ ਵਿਚ ਇਕਲਾ ਛਡ ਗਿਆ ਤਾਂ ਮੈਂ ਇਹ ਅਵਸਰ ਵਰਤਣ ਦਾ ਨਿਰਣਾ ਕੀਤਾ ਅਤੇ ਘੜੀ ਦੇ ਪੁਰਜ਼ੇ ਵਖ ਵਖ ਕਰਨ ਲਗ ਪਿਆ।

ਪਹਿਲਾਂ ਮੈਂ ਮੁਖੜੇ ਉਤੇ ਲਗਾ ਸ਼ੀਸ਼ਾ ਲਾਹਿਆ ਅਤੇ ਸੂਈਆਂ ਖਿਚ ਕੇ ਲਾਹ ਦਿਤੀਆਂ।



ਕਿਉਂਕਿ ਮੈਂ ਘੜੀ ਦੇ ਮੁਖੜੇ ਨਾਲ ਹੋਰ ਕੁਝ ਨਹੀਂ ਸਾਂ ਕਰ ਸਕਦਾ, ਮੈਂ ਘੜੀ ਨੂੰ ਉਲਟਾਇਆ ਅਤੇ ਪਿਛਲਾ ਢਕਣ ਲਾਹਿਆ। ਅਤੇ ਫਿਰ ਮੈਂ ਵੇਖਿਆ ਕੀ ਟਿਕ-ਟਿਕ ਕੌਣ ਕਰ ਰਿਹਾ ਹੈ—ਘੜੀ ਦੀ ਸਾਰੀ ਗਠੀ ਹੋਈ ਅਤੇ ਸੁਹਣੀ ਮਸ਼ੀਨ, ਸਾਰੇ ਅਨੇਕ ਨਿਕੇ ਪੇਚ ਅਤੇ ਘੂਕਦੇ ਦੰਦਿਆਂ ਵਾਲੇ ਚਕਰ ਅਤੇ ਪਤਲੇ ਸਪਰਿੰਗ ਦਾ ਕਸਿਆ ਹੋਇਆ ਕੁੰਡਲ। ਸਾਰੀ ਮਸ਼ੀਨ ਕੰਮ ਕਰ ਰਹੀ, ਘੁੰਮ ਰਹੀ ਅਤੇ ਟਿਕ-ਟਿਕ ਕਰ ਰਹੀ ਸੀ।

ਮੇਰੀ ਉਤਸੁਕਤਾ ਦਾ ਪਹਿਲਾ ਸ਼ਿਕਾਰ ਨਾਜ਼ਕ ਜਿਹਾ ਸਪਰਿੰਗ ਸੀ, ਜਿਹੜਾ ਮੈਂ ਇਕ ਨਿਕੇ ਦੰਦਿਆਂ ਵਾਲੇ ਚਕਰ ਵਿਚੋਂ ਖਿਚ ਕੇ ਕਢ ਲਿਆ।

ਤਬਾਹੀ ਦੇ ਸਾਰੇ ਅਮਲ ਨੂੰ ਵਿਸਥਾਰ ਨਾਲ ਦਸਣ ਦੀ ਲੋੜ ਨਹੀਂ। ਮੇਰੇ ਦਾਦੇ ਨੇ ਉਸ ਤੋਂ ਪਿਛੋਂ ਲੰਮੇ ਸਮੇਂ ਤਕ ਮੇਰੇ ਨਾਲ ਕਲਾਮ ਨਾ ਕੀਤਾ। ਘੜੀ ਬਹਾਦਰੀ ਲਈ ਇਨਾਮ ਸੀ।

ਉਹਨੂੰ ਕੋਈ ਅਜਿਹਾ ਘੜੀਸਾਜ਼ ਨਾ ਲਭਾ ਜਿਹੜਾ ਉਹਦੀ ਘੜੀ ਦੀ ਮੁਰੰਮਤ ਹਥ ਵਿਚ ਲੈਣ ਨੂੰ ਤਿਆਰ ਹੋਵੇ।

ਅਜ ਮਾਮਲਾ ਹੋਰ ਤਰ੍ਹਾਂ ਹੈ। ਕਿਸੇ ਬਚੇ ਨੂੰ ਇਹ ਜਾਣਨ ਲਈ ਕਿ ਇਹਦੇ ਅੰਦਰ ਕੀ ਟਿਕ-ਟਿਕ ਕਰ ਰਿਹਾ ਹੈ ਆਪਣੇ ਦਾਦੇ ਦੀ ਘੜੀ ਤੋੜਨ ਦੀ ਲੋੜ ਨਹੀਂ। ਖਿਡੌਣਿਆਂ ਦੀ ਕਿਸੇ ਵੀ ਦੁਕਾਨ ਤੋਂ ਤੁਸੀਂ "ਨਿਕਾ ਘੜੀਸਾਜ਼" ਦੇ ਨਾਂ ਦਾ ਬਕਸਾ ਲੈ ਸਕਦੇ ਹੋ। ਬਕਸੇ ਵਿਚ ਪੁਰਜ਼ੇ ਹੁੰਦੇ ਹਨ ਜਿਨ੍ਹਾਂ ਤੋਂ ਤੁਸੀਂ ਆਪਣੇ ਹਥਾਂ ਨਾਲ ਅਸਲੀ ਕਲਾਕ ਬਣਾ ਸਕਦੇ ਹੋ। ਕਲਾਕ "ਟਿਕ-ਟਾਕ" ਕਹੇਗਾ ਅਤੇ ਸਮਾਂ ਵਿਖਾਏਗਾ।

**ਛੇਵਾਂ ਕਾਂਡ**

## ਇਕ ਦੰਦਲ ਪਾਈਕ ਮਛੀ ਅਤੇ ਹਥੌੜੇ ਸੰਬੰਧੀ

ਮੈਨੂੰ ਨਿਸ਼ਚਾ ਹੈ ਕਿ ਤੁਸੀਂ ਬਕਸੇ ਵਿਚਲੇ ਪੁਰਜ਼ਿਆਂ ਨਾਲ ਬੜਾ ਚੰਗਾ ਕਲਾਕ ਬਣਾ ਲਓਗੇ।

ਪਰ ਇਕ ਗਲ ਯਾਦ ਰਖਣਾ, ਤੁਸੀਂ ਇਹਨੂੰ ਝਟਕਾ ਨਾ ਲਾਓ, ਇਹਦੇ ਉਤੇ ਮਿਟੀ ਨਾ ਸੁਟੋ ਅਤੇ ਪਾਣੀ ਨਾ ਡੋਹਲੋ। ਕੇਵਲ ਖ਼ਾਸ ਤਰ੍ਹਾਂ ਨਾਲ ਬਣਾਈ ਘੜੀ ਹੀ ਅਜਿਹਾ ਮਾੜਾ ਵਤੀਰਾ ਸਹਾਰ ਸਕਦੀ ਹੈ ਕਿਉਂਕਿ ਇਹ

ਪਾਣੀ ਤੋਂ ਸੁਰਖਿਅਤ,
ਮਿਟੀ ਤੋਂ ਸੁਰਖਿਅਤ,
ਅਤੇ ਝਟਕੇ ਤੋਂ ਸੁਰਖਿਅਤ
ਬਣਾਈ ਜਾਂਦੀ ਹੈ।

ਇਹਦਾ ਅਰਥ ਇਹ ਹੈ ਕਿ ਮਨੁਖ ਇਹਨੂੰ ਗੁਟ ਤੋਂ ਲਾਹੇ ਬਿਨਾਂ ਨਹਾ ਸਕਦਾ ਹੈ, ਉਸ ਹਥ ਨਾਲ ਹਥੌੜਾ ਚਲਾ ਸਕਦਾ ਹੈ ਅਤੇ ਮਿਟੀ ਘਟੇ ਨਾਲ ਭਰੇ, ਉਚੇ ਨੀਵੇਂ ਰਾਹ ਉਤੇ ਸਾਈਕਲ ਚਲਾ ਸਕਦਾ ਹੈ।

ਇਹ ਸਾਬਤ ਕਰਨ ਲਈ ਇਹ ਹਨ ਕੁਝ ਅਣੋਖੇ ਤਥ।

ਲੈਨਿਨਗਰਾਦ ਦੇ ਇਕ ਅਖ਼ਬਾਰ ਵਿਚ ਖ਼ਬਰ ਛਪੀ:

"ਰਿਆਸਤੀ ਫ਼ਾਰਮ ਦੇ ਇਕ ਫ਼ਿਟਰ ਈਵਨ ਕੋਨੋਨੈਨਕੋ ਨੇ ਇਕ ਪਾਈਕ ਮਛੀ ਫੜੀ। ਉਹਦੀ ਹੈਰਾਨੀ ਦਾ ਅੰਦਾਜ਼ਾ ਲਾਓ ਜਦੋਂ ਮਛੀ ਨੂੰ ਸਾਫ਼ ਕਰਦੇ ਹੋਏ ਉਹਨੂੰ ਇਹਦੇ ਵਿਚੋਂ ਇਕ ਘੜੀ ਲਭੀ! ਉਹਨੇ ਘੜੀ ਨੂੰ ਚਾਬੀ ਦਿਤੀ ਅਤੇ ਉਹ ਚਲਣ ਲਗ ਪਈ। ਅਤੇ ਉਦੋਂ ਤੋਂ ਲੈਕੇ ਉਹ ਤਿੰਨ ਵਰ੍ਹਿਆਂ ਤੋਂ ਚਲ ਰਹੀ ਹੈ।"

ਕਿਉਂਕਿ ਪਾਈਕ ਮਛੀ ਪਾਣੀ ਵਿਚ ਰਹਿੰਦੀ ਹੈ ਸੋ ਇਹ ਘੜੀ ਨੇ ਪਾਣੀ ਤੋਂ ਸੁਰਖਿਅਤ ਹੋਣ ਦੀ ਪਰਖ ਉਤੇ ਪੂਰੀ ਨਿਕਲੀ।

ਇਕ ਹੋਰ ਅਖ਼ਬਾਰ ਨੇ ਹੇਠ ਲਿਖੀ ਖ਼ਬਰ ਛਾਪੀ:





"ਮੇਰਾ ਕਿਤਾ ਮੋਚੀ ਦਾ ਹੈ। ਮੈਂ ਹਥੋੜੇ ਅਤੇ ਕਿਲਾਂ ਨਾਲ ਕੰਮ ਕਰਦਾ ਹਾਂ। ਕੰਮ ਕਰਦੇ ਹੋਏ ਮੈਂ ਆਪਣੀ ਘੜੀ ਆਪਣੇ ਗੁਟ ਤੋਂ ਕਦੀ ਨਹੀਂ ਲਾਹੁੰਦਾ, ਭਾਵੇਂ ਪਹਿਲਾਂ ਪਹਿਲ ਮੈਨੂੰ ਇਸ ਸੰਬੰਧੀ ਤੌਖਲਾ ਸੀ। ਹੁਣ ਮੈਨੂੰ ਨਿਸ਼ਚਾ ਹੋ ਗਿਆ ਹੈ ਕਿ ਝਟਕੇ ਤੋਂ ਸੁਰਖਿਅਤ ਘੜੀ ਦਾ ਜ਼ੋਰ ਨਾਲ ਹਿਲਣ ਨਾਲ ਕੁਝ ਨਹੀਂ ਵਿਗੜਦਾ। ਮੈਂ ਦਸਾਂ ਵਰ੍ਹਿਆਂ ਤੋਂ ਹਥੋੜਾ ਚਲਾਉਂਦਾ ਰਿਹਾ ਹਾਂ। ਪਰ ਘੜੀ ਅਜੇ ਵੀ ਬਿਲਕੁਲ ਠੀਕ ਸਮਾਂ ਦਸਦੀ ਹੈ।"

ਅਤੇ ਹੁਣ ਇਕ ਹੋਰ ਅਤੇ ਅਖ਼ੀਰੀ ਅਖ਼ਬਾਰੀ ਖ਼ਬਰ:

"ਇਸ ਖ਼ਤ ਦਾ ਲੇਖਕ ਇਕ ਮਾਲੀ ਹੈ, ਜਿਸਦਾ ਨਾਂ ਸਿਦੋਰੋਵ ਹੈ। ਦੋ ਵਰ੍ਹੇ ਹੋਏ ਮੇਰੀ ਘੜੀ ਗੁਆਚ ਗਈ। ਇਸ ਹੁਨਾਲ ਉਹ ਮੈਨੂੰ ਸਿਉਆਂ ਦੇ ਇਕ ਰੁਖ ਹੇਠੋਂ ਲਭੀ, ਜਿਥੇ ਉਹ ਦੋ ਵਰ੍ਹੇ ਮਿਟੀ, ਮੀਂਹ ਅਤੇ ਕਕਰ ਵਿਚ ਪਈ ਰਹੀ ਸੀ। ਮੈਂ ਉਹਨੂੰ ਚਾਬੀ ਦਿਤੀ ਅਤੇ ਉਹ ਫਿਰ ਚਲ ਪਈ। ਮੈਂ ਉਹਦੇ ਵਲੋਂ ਤਿਆਰ ਕੀਤੇ ਸ਼ਾਨਦਾਰ ਮਾਲ ਲਈ ਕਾਰਖ਼ਾਨੇ ਨੂੰ ਵਧਾਈ ਦੇਂਦਾ ਹਾਂ।"

ਅਜ ਕਲ ਇਹੋ ਜਿਹੀ ਘੜੀ ਬਣਾਈ ਜਾਂਦੀ ਹੈ।

ਪਕੀ ਗਲ ਹੈ ਕੋਈ ਪੁਰਾਣੀ ਘੜੀ ਅਜਿਹੀ ਪਰਖ ਵਿਚੋਂ ਪੂਰੀ ਨਾ ਉਤਰਦੀ!

### ਸਤਵਾਂ ਕਾਂਡ

## ਜੰਗੀ ਜਹਾਜ਼ ਉਤੇ ਗੋਲਾ ਚਲਾਉਣ ਵਾਲਾ ਕਲਾਕ

ਇਹ ਕਾਂਡ ਕਲਾਕਾਂ ਸੰਬੰਧੀ ਨਹੀਂ ਸਗੋਂ ਇਕ ਅਜਿਹੇ ਮਨੁਖ ਸੰਬੰਧੀ ਹੈ ਜਿਸਦਾ ਜੀਵਨ ਕਲਾਕਾਂ ਨਾਲ ਜੁੜਿਆ ਹੋਇਆ ਸੀ।

ਵਖ ਵਖ ਦੇਸਾਂ ਦੇ ਵਖ ਵਖ ਸ਼ਹਿਰਾਂ ਵਿਚ ਬੁਰਜਾਂ ਦੇ ਕਲਾਕ ਹੁੰਦੇ ਹਨ।

ਨਾਰਵੇ ਦੇ ਇਕ ਨਿਕੇ ਸ਼ਹਿਰ ਵਿਚ ਵੀ ਇਕ ਸੀ। ਅਤੇ ਇਸ ਸੰਬੰਧੀ ਇਕ ਹੈਰਾਨ ਕਰਨ ਵਾਲੀ ਕਹਾਣੀ ਸੁਣਾਉਂਦੇ ਹਨ।



ਹਰ ਰੋਜ਼ ਬੁਰਜ ਦਾ ਧਿਆਨ ਰਖਣ ਵਾਲਾ ਪੌੜੀਆਂ ਚੜ੍ਹਦਾ ਅਤੇ ਬੁਰਜ ਦੇ ਅੰਦਰ ਕਲਾਕ ਕੋਲ ਪਈ ਇਕ ਤੋਪ ਤੋਂ ਇਕ ਧਮਾਕਾ ਕਰਦਾ। ਅਤੇ ਨਗਰਵਾਸੀਆਂ ਨੂੰ ਪਤਾ ਲਗ ਜਾਂਦਾ ਕਿ ਦੁਪਹਿਰ ਹੋ ਗਈ ਹੈ।

ਫਿਰ ਉਹ ਦਿਨ ਆਇਆ ਜਦੋਂ ਬੁਰਜ ਵਾਲੇ ਕਲਾਕ ਵਾਲੇ ਨਿਕੇ ਸ਼ਹਿਰ, ਅਤੇ, ਸਚ ਤਾਂ ਇਹ ਹੈ, ਸਾਰੇ ਨਾਰਵੇ ਉਤੇ ਨਾਜ਼ੀ ਫ਼ੌਜਾਂ ਨੇ ਕਬਜ਼ਾ ਕਰ ਲਿਆ। ਇਕ ਜਰਮਨ ਲੜਾਕੇ ਜਹਾਜ਼ ਨੇ ਸ਼ਹਿਰ ਦੀ ਬੰਦਰਗਾਹ ਵਿਚ ਲੰਗਰ ਸੁਟਿਆ।

ਉਸ ਦਿਨ ਕਲਾਕ ਦਾ ਧਿਆਨ ਰਖਣ ਵਾਲਾ ਬੁਢਾ ਸਦਾ ਵਾਂਗ ਪੌੜੀਆਂ ਚੜ੍ਹਿਆ, ਪਰ ਆਪਣੀ ਤੋਪ ਵਿਚ ਇਕ ਪ੍ਰਾਚੀਨ ਗੋਲਾ ਪਾ ਦਿਤਾ। ਉਹਨੇ ਤੋਪ ਦਾ ਨਿਸ਼ਾਨਾ ਨਾਜ਼ੀ ਲੜਾਕੇ ਜਹਾਜ਼ ਵਲ ਕੀਤਾ ਅਤੇ ਠੀਕ ਬਾਰਾਂ ਵਜੇ ਗੋਲਾ ਦਾਗ਼ ਦਿਤਾ।

ਸਬਬ ਨਾਲ ਗੋਲਾ ਗੋਲੀ ਸਿਕੇ ਦੇ ਭੰਡਾਰ ਵਿਚ ਜਾ ਲਗਾ ਅਤੇ ਜੰਗੀ ਜਹਾਜ਼ ਫਟ ਗਿਆ।

ਨਾਜ਼ੀ ਉਸ ਬੁਢੇ ਨੂੰ ਕਦੀ ਨਾ ਲਭ ਸਕੇ ਕਿਉਂਕਿ ਲੋਕਾਂ ਨੇ ਉਹਨੂੰ ਲੁਕਾ ਲਿਆ ਸੀ। ਅਤੇ ਜਦੋਂ ਨਾਰਵੇ ਨੇ ਮੁੜ ਆਜ਼ਾਦੀ ਪ੍ਰਾਪਤ ਕਰ ਲਈ ਤਾਂ ਉਸ ਬੁਢੇ ਨੂੰ ਸਰਵਉਚ ਫ਼ੌਜੀ ਸਨਮਾਣ ਦਿਤਾ ਗਿਆ।

ਹੈਰਾਨੀ ਦੀ ਕੋਈ ਗਲ ਨਹੀਂ! ਅਜਿਹਾ ਹਰ ਰੋਜ਼ ਤਾਂ ਨਹੀਂ ਹੁੰਦਾ ਕਿ ਕੋਈ ਬੁਢਾ ਇਕ ਪ੍ਰਾਚੀਨ ਤੋਪ ਤੋਂ ਗੋਲਾ ਦਾਗ਼ੇ ਅਤੇ ਦੁਸ਼ਮਣ ਦੇ ਇਕ ਜੰਗੀ ਜਹਾਜ਼ ਨੂੰ ਤਬਾਹ ਕਰ ਦੇਵੇ।

### ਅਠਵਾਂ ਕਾਂਡ

## ਕਲਾਕ ਦਾ ਧਿਆਨ ਰਖਣ ਵਾਲੇ ਇਕ ਹੋਰ ਬੰਦੇ ਸੰਬੰਧੀ

ਈਵਾਨ ਫ਼ੇਦੋਤੋਵਿਚ ਫ਼ੇਦੋਤੋਵ ਨੇ ਕਦੀ ਤੋਪ ਨਾ ਚਲਾਈ। ਪਰ ਇਹਦੇ ਬਾਵਜੂਦ ਉਹਨੂੰ "ਲੈਨਿਨਗਰਾਦ ਦੀ ਰਖਿਆ ਲਈ" ਮੈਡਲ ਦਿਤਾ ਗਿਆ। ਕਿਉਂਕਿ ਉਹਨੇ ਇਕ ਫ਼ੌਜੀ ਕਾਰਨਾਮਾ ਕੀਤਾ ਸੀ।

ਯੁਧ * ਸ਼ੁਰੂ ਹੋ ਗਿਆ ਸੀ। ਈਵਾਨ ਫ਼ੇਦੋਤੋਵਿਚ ਪਹਿਲਾਂ ਹੀ ਬੁਢਾ ਹੋ ਚੁਕਾ ਸੀ। ਚਾਲ੍ਹੀ ਵਰ੍ਹਿਆਂ ਤੋਂ ਉਹ ਲੈਨਿਨਗਰਾਦ ਦੀ ਇਕ ਵਿਦਿਅਕ ਸੰਸਥਾ ਵਿਚ ਕਲਾਕ ਦਾ ਧਿਆਨ ਰਖਣ ਵਾਲੇ ਦਾ ਕੰਮ ਕਰਦਾ ਆ ਰਿਹਾ ਸੀ। ਹਰ ਸਵੇਰੇ ਉਹ ਸੰਸਥਾ ਦੇ ਬੁਰਜ ਦੀਆਂ ਪੌੜੀਆਂ ਚੜ੍ਹਦਾ ਅਤੇ ਕਲਾਕ ਨੂੰ ਚਾਬੀ ਦੇਂਦਾ, ਅਜਿਹਾ ਕਰਨ ਲਈ ਉਹ ੪੦ ਪੌਂਡ ਭਾਰ ਉਪਰ ਖਿਚਦਾ, ਜਿਹੜਾ ਸਿਕੇ ਦੇ ਛਰਿਆਂ ਨਾਲ ਭਰੀ ਇਕ ਬਾਲਟੀ ਸੀ।

ਕਲਾਕ ਦਾ ਧਿਆਨ ਰਖਣ ਵਾਲੇ ਨੂੰ ਸ਼ਹਿਰੋਂ ਨਿਕਲਣ ਦਾ, ਨਾਜ਼ੀ ਬੰਬਾਂ, ਗੋਲੀਆਂ ਅਤੇ ਭੁਖ ਤੋਂ ਬਚ ਨਿਕਲਣ ਦਾ ਅਵਸਰ ਮਿਲਿਆ ਪਰ ਉਹਨੇ ਨਾਂਹ ਕਰ ਦਿਤੀ।

"ਜੇ ਮੈਂ ਚਲਾ ਜਾਵਾਂ ਤਾਂ ਕਲਾਕ ਦਾ ਧਿਆਨ ਕੌਣ ਰਖੇਗਾ? ਫ਼ਰਜ਼ ਕਰੋ ਇਹਦੇ ਨੇੜੇ ਬੰਬ ਫਟ ਜਾਵੇ ਅਤੇ ਇਹਨੂੰ ਨੁਕਸਾਨ ਪੁਚਾ ਦੇਵੇ? ਕਲਾਕ ਦੀ ਮੁਰੰਮਤ ਕੌਣ ਕਰੇਗਾ? ਜਿਥੋਂ ਤਕ ਭੁਖ ਦੀ ਗਲ ਏ... ਸਾਰੇ ਲੈਨਿਨਗਰਾਦਵਾਸੀ ਭੁਖੇ ਨੇ, ਮੈਂ ਵੀ ਭੁਖਾ ਕਿਉਂ ਨਾ ਰਹਾਂ?"

ਅਤੇ ਉਹ ਸ਼ਹਿਰ ਵਿਚ ਹੀ ਰਿਹਾ।

ਸ਼ਹਿਰ ਦੇ ਘੇਰੇ ਵਿਚ ਰਹਿਣ ਦੇ ਸਾਰੇ ਨੌਂ ਸੌ ਦਿਨਾਂ ਵਿਚ ਫ਼ੇਦੋਤੋਵ ਦਾ ਕਲਾਕ ਇਕ ਸਕਿੰਟ ਵੀ ਨਾ ਰੁਕਿਆ। ਲੈਨਿਨਗਰਾਦਵਾਸੀ ਆਪਣੀਆਂ ਘੜੀਆਂ ਇਹਦੇ ਨਾਲ ਮਿਲਾਉਂਦੇ ਅਤੇ ਲੈਨਿਨਗਰਾਦ ਦੀਆਂ ਬਾਹਰਲੀਆਂ ਬਸਤੀਆਂ ਵਿਚ ਖ਼ੰਦਕਾਂ ਲਈ ਜਾ ਰਹੇ ਫ਼ੌਜੀ ਵੀ।

ਬੰਦਾ ਇਸ ਗਲ ਦੀ ਕਲਪਨਾ ਕਰ ਸਕਦਾ ਹੈ ਕਿ ਬੁਢੇ ਬੰਦੇ ਲਈ ਰੋਜ਼ ਉਚੀਆਂ ਪੌੜੀਆਂ ਚੜ੍ਹਨਾ ਅਤੇ ਆਪਣੇ ਭੁਖ ਕਾਰਨ ਕਮਜ਼ੋਰ ਹੋਏ ਹਥਾਂ ਨਾਲ ਭਾਰ ਉਤੇ ਖਿਚਣਾ ਕਿੰਨਾ ਔਖਾ ਸੀ।

---

* ਫ਼ਾਸ਼ਿਸਟ ਹਮਲਾਕਾਰਾਂ ਵਿਰੁਧ ਸੋਵੀਅਤ ਜਨਤਾ ਦਾ ਮਹਾਨ ਦੇਸਭਾਗਤਕ ਯੁਧ (੧੯੪੧-੧੯੪੫)। — **ਸੰਪਾ:**


60
5
10
15
20
25
30
35
40
45
50
55

ਜਿਹਾ ਕਿ ਤੁਹਾਨੂੰ ਪਤਾ ਹੈ ਲੈਨਿਨਗਰਾਦਵਾਸੀਆਂ ਨੇ ਹਾਰ ਨਾ ਮੰਨੀ। ਕਲਾਕ ਦਾ ਧਿਆਨ ਰਖਣ ਵਾਲਾ ਬੁਢਾ ਵੀ ਜਿਤ ਦਾ ਦਿਹਾੜਾ ਵੇਖਣ ਲਈ ਜਿਊਂਦਾ ਰਿਹਾ।

ਅਤੇ ੯ ਮਈ ੧੯੪੫ ਨੂੰ ਜਦੋਂ ਸੋਵੀਅਤ ਲੋਕਾਂ ਨੇ ਨਾਜ਼ੀ ਜਰਮਨੀ ਉਤੇ ਜਿਤ ਦੀ ਖ਼ੁਸ਼ੀ ਮਨਾਈ ਤਾਂ ਸਦਾ ਵਾਂਗ ਈਵਾਨ ਫ਼ੇਦੋਤੋਵਿਚ ਆਪਣੇ ਬੁਰਜ ਉਤੇ ਚੜ੍ਹਿਆ ਅਤੇ ਕਲਾਕ ਨੂੰ ਚਾਬੀ ਦਿਤੀ।

## ਨੌਵਾਂ ਕਾਂਡ

## ਸਮੇਂ ਸੰਬੰਧੀ

ਹੁਣ ਜਦੋਂ ਤੁਸਾਂ ਲਗ ਭਗ ਸਾਰੀ ਪੁਸਤਕ ਪੜ੍ਹ ਲਈ ਹੈ ਮੈਂ ਤੁਹਾਥੋਂ ਇਕ ਪ੍ਰਸ਼ਨ ਪੁਛਣਾ ਚਾਹੁੰਦਾ ਹਾਂ।

ਸਮਾਂ ਕੀ ਹੈ? ਅਖ਼ੀਰ ਅਸੀਂ ਸਾਰੀ ਪੁਸਤਕ ਵਿਚ ਇਹ ਸ਼ਬਦ ਵਰਤਦੇ ਆਏ ਹਾਂ।

"ਲਓ," ਸ਼ਾਇਦ ਤੁਸੀਂ ਹੈਰਾਨੀ ਨਾਲ ਕਹੋ। "ਸਮਾਂ ਕਲਾਕ ਹੈ, ਮਿਸਾਲ ਵਜੋਂ ਇਕ ਅਲਾਰਮ ਵਜਾਉਣ ਵਾਲਾ ਕਲਾਕ। ਇਹ ਗਲ ਸਭ ਲਈ ਸਾਫ਼ ਹੈ।"

ਸਾਫ਼ ਤਾਂ ਇਹ ਹੋ ਸਕਦੀ ਹੈ, ਪਰ ਇਹ ਬਿਲਕੁਲ ਠੀਕ ਤਾਂ ਉਕਾ ਹੀ ਨਹੀਂ।

ਕਿਉਂਕਿ ਕਲਾਕ ਆਪ ਸਮਾਂ ਨਹੀਂ, ਇਹ ਤਾਂ ਸਮਾਂ ਨਾਪਣ ਲਈ ਇਕ ਮਸ਼ੀਨ ਹੈ। ਸਮਾਂ ਆਪ ਅਦਿਖ ਹੈ, ਇਹਦਾ ਕੋਈ ਰੰਗ ਜਾਂ ਖ਼ੁਸ਼ਬੋ ਨਹੀਂ ਹੁੰਦੇ, ਅਤੇ ਨਾ ਹੀ ਇਹਨੂੰ ਹਥ ਨਾਲ ਛੂਹਿਆ ਜਾ ਸਕਦਾ ਹੈ।

ਜ਼ਰਾ ਸੋਚੋ — ਅਨੇਕ ਸ਼ੈਆਂ ਅਜਿਹੀਆਂ ਹਨ, ਜਿਨ੍ਹਾਂ ਦੀ ਅਸੀਂ ਮੁੜ ਮੁੜ ਗਲ ਕਰਦੇ ਹਾਂ, ਪਰ ਜਿਹੜੀਆਂ ਹਥ ਨਾਲ ਛੂਹੀਆਂ ਨਹੀਂ ਜਾ ਸਕਦੀਆਂ, ਜਿਵੇਂ ਕਿ ਪੌਣ।

ਇਹਦੇ ਬਾਵਜੂਦ, ਲੋਕਾਂ ਨੇ ਪੌਣ ਜਿਹੀ ਅਦਿਖ ਸ਼ੈ ਨੂੰ ਤੋਲਣਾ ਸਿਖ ਲਿਆ ਹੈ ਅਤੇ ਅਦਿਖ ਸਮਾਂ ਨਾਪਣ ਲਈ ਦਿਸਣ ਵਾਲੇ ਅਤੇ ਸਥੂਲ ਕਲਾਕ ਬਣਾ ਲਏ ਹਨ।

## ਦਸਵਾਂ ਕਾਂਡ

## ਸਕੂਲੀ ਮੁੰਡੇ ਵਾਸੀਆ, ਸੇਵੀਆਂ ਅਤੇ ਸਕਿੰਟਾਂ ਸੰਬੰਧੀ

ਜਿਹਾ ਕਿ ਸਾਨੂੰ ਵੇਖਣ ਦਾ ਅਵਸਰ ਮਿਲਿਆ ਹੈ ਕਲਾਕ ਅਤੇ ਘੜੀਆਂ ਹੀ ਸਾਡੇ ਲਈ ਸਮਾਂ ਨਹੀਂ ਨਾਪਦੇ ਸਗੋਂ ਘੜੀਸਾਜ਼ ਅਤੇ ਕਲਾਕਾਂ ਦਾ ਧਿਆਨ ਰਖਣ ਵਾਲੇ ਵੀ ਅਜਿਹਾ ਕਰਦੇ ਹਨ।

ਪਰ ਜੇ ਸਾਡੇ ਵਿਚੋਂ ਹਰ ਇਕ ਸਮੇਂ ਦਾ ਧਿਆਨ ਨਾ ਰਖੇ ਤਾਂ ਨਾ ਹੀ ਕਲਾਕ, ਨਾ ਹੀ ਘੜੀਆਂ ਅਤੇ ਨਾ ਹੀ ਘੜੀਸਾਜ਼ ਅਤੇ ਨਾ ਹੀ ਕਲਾਕਾਂ ਦਾ ਧਿਆਨ ਰਖਣ ਵਾਲੇ ਬਹੁਤਾ ਕੁਝ ਕਰ ਸਕਦੇ ਹਨ।

ਆਓ ਅਸੀਂ ਇਕ ਉਦਾਹਰਣ ਲਈਏ।

ਇਕ ਮਿੰਟ — ਇਹ ਬਹੁਤ ਹੈ ਜਾਂ ਥੋੜ੍ਹਾ?

ਹੋ ਸਕਦਾ ਹੈ ਕੁਝ ਲਈ ਇਹ ਬਹੁਤ ਹੋਵੇ ਅਤੇ ਹੋਰਨਾਂ ਲਈ ਬਹੁਤ ਥੋੜ੍ਹਾ। ਇਕ ਜਣਾ ਇਕ ਮਿੰਟ ਵਿਚ ਬਹੁਤ ਕੁਝ ਕਰ ਲਵੇਗਾ ਅਤੇ ਦੂਜਾ ਇਕ ਘੰਟੇ ਵਿਚ ਵੀ ਕੁਝ ਪ੍ਰਾਪਤ ਨਹੀਂ ਕਰੇਗਾ।

ਬਚਾ ਆਪਣੀ ਮਾਂ ਨੂੰ ਕਹਿ ਸਕਦਾ ਹੈ:

"ਮੈਂ ਆਇਸ-ਕਰੀਮ ਲੈਣੀ ਏ।"

ਚਿਤ੍ਰਕਾਰ : ਵਲਾਦੀਮੀਰ ਕੁਲਕੋਵ

ਅਨੁਵਾਦਕ : ਪ੍ਰੀਤਮ ਸਿੰਘ ਮਨਚੰਦਾ




**Я. Длуголенский**
ЧТО ВЫ ЗНАЕТЕ О ЧАСАХ?
*На языке панджаби*

**Jakov Dlugolensky**
**CLOCKS AND WATCHES**
*in Punjabi*

ਸਕੂਲ ਦੇ ਬਚਿਆਂ ਲਈ

© ਪੰਜਾਬੀ ਅਨੁਵਾਦ, ਸਚਿਤ੍ਰ, ਰਾਦੂਗਾ ਪ੍ਰਕਾਸ਼ਨ, ਮਾਸਕੋ, ੧੯੮੩
ਸੋਵੀਅਤ ਯੂਨੀਅਨ ਵਿਚ ਛਪਿਆ

$Д\frac{70802-108}{031(01)-83}$ 322 – 83

4803010102